# ਪੰਜਾਬੀ ਯੂਨੀਵਰਸਿਟੀ, ਪਟਿਆਲਾ

(1961 ਦੇ ਪੰਜਾਬ ਐਕਟ 35 ਤਹਿਤ ਸਥਾਪਿਤ)

(ਕੰਡਕਟ ਬਰਾਂਚ)

**ਅਤਿ ਜ਼ਰੂਰੀ ਅੱਜ ਹੀ**

**ਈ-ਮੇਲ: Superintendent_conduct@yahoo.com**

ਨੰਬਰ 4561-4760/ਸ-1

ਮਿਤੀ 05/03/2021

ਯੂਨੀਵਰਸਿਟੀ ਨਾਲ ਸਬੰਧਤ ਸਾਰੇ ਰਿਜਟਲ ਸੈਂਟਰ/ਨੇਬਰਹੁਡ ਕੈਂਪਸ/ ਕਾਂਸਟੀਚਿਉਟ ਕਾਲਜ
ਅਤੇ ਬਾਕੀ ਕਾਲਜਾਂ ਦੇ ਸਮੂਹ ਪ੍ਰਿੰਸੀਪਲ ਸਾਹਿਬਾਨ

**(ਪ੍ਰੀਖਿਆ ਡਿਊਟੀ ਲਈ ਪ੍ਰੋਫਾਰਮਾ)**

ਸ੍ਰੀਮਾਨ/ਸ੍ਰੀਮਤੀ ਜੀ,

ਆਪ ਜੀ ਦਾ ਯੂਨੀਵਰਸਿਟੀ ਪ੍ਰੀਖਿਆਵਾਂ ਕੰਡਕਟ ਕਰਵਾਉਣ ਲਈ ਸਾਨੂੰ ਪੂਰਨ ਸਹਿਯੋਗ ਮਿਲਦਾ ਰਿਹਾ ਹੈ। ਇਸ ਬਾਰੇ 31 ਮਾਰਚ-2021 ਤੋਂ ਸ਼ੁਰੂ ਹੋਣ ਵਾਲੀਆਂ ਯੂਨੀਵਰਸਿਟੀ ਪ੍ਰੀਖਿਆਵਾਂ ਵਿੱਚ ਪੂਰਨ ਸਹਿਯੋਗ ਦੀ ਆਸ ਰੱਖਦੇ ਹਾਂ। ਸਾਲ 2021 ਦੀਆਂ ਸਮੈਸਟਰ ਪ੍ਰੀਖਿਆਵਾਂ ਕੰਡਕਟ ਕਰਵਾਉਣ ਲਈ ਆਪ ਦੇ ਕਾਲਜ ਵਿੱਚ ਕੰਮ ਕਰ ਰਹੇ ਕੁੱਲ ਅਧਿਆਪਕਾਂ ਦੇ ਨਾਮ ਵੱਖ-ਵੱਖ ਕਾਲਜਾਂ ਲਈ ਵੱਖ-ਵੱਖ ਸੈਸ਼ਨਾਂ ਵਿੱਚ ਸੁਪਰਵਾਈਜ਼ਰੀ ਸਟਾਫ ਵਜੋਂ ਨਿਯੁਕਤ ਕਰਨ ਲਈ ਇਸ ਪੱਤਰ ਨਾਲ ਨੱਥੀ ਪ੍ਰੋਫਾਰਮਾ ਭਰ ਕੇ ਇਕ ਹਫਤੇ ਦੇ ਅੰਦਰ ਅੰਦਰ ਹਸਤਾਖਰ ਕਰਤਾ ਨੂੰ ਭੇਜਣ ਦੀ ਖੇਚਲ ਕਰਨੀ। ਹਰ ਇਕ ਅਧਿਆਪਕ ਪਾਸੋਂ ਪ੍ਰੋਫਾਰਮੇ ਵਿੱਚ ਤਿੰਨ ਸ਼ਹਿਰਾਂ ਦੀਆਂ ਆਪਸ਼ਨਾਂ ਜਰੂਰ ਭਰਵਾਈਆਂ ਜਾਣ। ਉਨ੍ਹਾਂ ਵਿਚੋਂ ਯੂਨੀਵਰਸਿਟੀ ਵੱਲੋਂ 50% ਅਧਿਆਪਕਾਂ ਦੀ ਡਿਊਟੀ ਲਗਾਈ ਜਾਵੇਗੀ। ਜਿਹੜੇ ਅਧਿਆਪਕ ਤਿੰਨ ਸ਼ਹਿਰਾਂ ਦੀ ਆਪਸ਼ਨ ਨਹੀਂ ਦਿੰਦੇ ਉਨ੍ਹਾਂ ਦੀ ਡਿਊਟੀ ਲੋੜ ਅਨੁਸਾਰ ਕਿਸੇ ਵੀ ਪ੍ਰੀਖਿਆ ਕੇਂਦਰ ਤੇ ਲਗਾਈ ਜਾ ਸਕਦੀ ਹੈ। ਇਸ ਪੈਨਲ ਅਨੁਸਾਰ ਭੇਜੇ ਗਏ ਨਾਮ ਦੀ ਸੂਚੀ ਵਿਚੋਂ ਪ੍ਰੀਖਿਆਵਾਂ ਕੰਡਕਟ ਕਰਵਾਉਣ ਲਈ ਲਗਾਈ ਡਿਊਟੀ ਕਿਸੇ ਵੀ ਹਾਲਤ ਵਿੱਚ ਮਨਸੂਖ ਨਹੀਂ ਹੋਵੇਗੀ। **ਜਿੰਨੇ ਅਧਿਆਪਕ ਬਾਹਰਲੇ ਕਾਲਜਾਂ ਤੋਂ ਕੇਂਦਰ ਨਿਗਰਾਨ ਵਜੋਂ ਆਪਦੇ ਕਾਲਜ ਵਿੱਚ ਆਉਣਗੇ ਤਾਂ ਆਪ ਨੂੰ ਵੀ ਉਨ੍ਹੇ ਹੀ ਰੈਗੂਲਰ ਅਧਿਆਪਕਾਂ ਦੇ ਨਾਮ ਕੇਂਦਰ ਨਿਗਰਾਨ ਲਈ ਬਾਹਰਲੇ ਪ੍ਰੀਖਿਆ ਕੇਂਦਰਾਂ ਲਈ ਦੇਣੇ ਹੋਣਗੇ। ਜੇਕਰ ਕਿਸੇ ਕਾਰਨ ਕੋਈ ਅਧਿਆਪਕ ਡਿਊਟੀ ਤੇ ਹਾਜ਼ਰ ਨਹੀਂ ਹੋ ਸਕਦਾ ਤਾਂ ਪ੍ਰਿੰਸੀਪਲ ਆਪਣੇ ਪੱਧਰ ਤੇ ਹੀ ਉਸ ਦਾ ਬਦਲਵਾਂ ਪ੍ਰਬੰਧ ਕਰਕੇ ਹਸਤਾਖਰ ਕਰਤਾ ਨੂੰ ਸੂਚਿਤ ਕਰਨ ਦੀ ਕ੍ਰਿਪਾਲਤਾ ਕਰਨ**, ਤਾਂ ਕਿ ਪ੍ਰੀਖਿਆਵਾਂ ਵਿਚ ਕੋਈ ਵੀ ਵਿਘਨ ਨਾ ਪਵੇ। ਨਿਯੁਕਤ ਕੀਤਾ ਸੁਪਰਵਾਈਜਰੀ ਸਟਾਫ ਸਮੇਂ ਸਿਰ ਪ੍ਰੀਖਿਆ ਕੇਂਦਰਾਂ ਤੇ ਰਿਪੋਰਟ ਕਰਨ ਨੂੰ ਯਕੀਨੀ ਬਣਾਵੇ।

ਵੇਖਣ ਵਿਚ ਆਇਆ ਹੈ ਕਿ ਕਈ ਕਾਲਜਾਂ ਵਲੋਂ ਨੱਥੀ ਪ੍ਰੋਫਾਰਮਾਂ ਦੇ ਸਾਰੇ ਕਾਲਮ ਨਹੀਂ ਭਰੇ ਹੁੰਦੇ ਇਸ ਕਰਕੇ ਦਫਤਰ ਨੂੰ ਨਿਗਰਾਨ ਅਮਲਾ ਨਿਯੁਕਤ ਕਰਨ ਸਮੇਂ ਕਾਫੀ ਦਿੱਕਤਾਂ ਦਾ ਸਾਹਮਣਾ ਕਰਨਾ ਪੈਂਦਾ ਹੈ। **ਕ੍ਰਿਪਾ ਕਰਕੇ ਨੱਥੀ ਪ੍ਰੋਫਾਰਮੇ ਦੇ ਸਾਰੇ ਕਾਲਮ ਮੁਕੰਮਲ ਰੂਪ ਵਿਚ ਭਰ ਕੇ ਈ-ਮੇਲ ਰਾਹੀਂ ਭੇਜਿਆ ਜਾਵੇ।**

ਪ੍ਰੀਖਿਆਵਾਂ ਨੂੰ ਸੁਚਾਰੂ ਢੰਗ ਨਾਲ ਚਲਾਉਣ ਲਈ ਵਿਸੇਸ਼ ਤੌਰ ਤੇ ਪ੍ਰਿੰਸੀਪਲ ਸਾਹਿਬਾਨ, ਹਸਤਾਖਰ ਕਰਤਾ ਨੂੰ ਪੂਰਨ ਸਹਿਯੋਗ ਦੇਣ ਦੀ ਕ੍ਰਿਪਾਲਤਾ ਕਰਨ ਜੀ।

**ਨੋਟ: ਕਈ ਕਾਲਜਾਂ ਵਲੋਂ ਕੰਟਰੈਕਟ ਅਧਾਰਤ ਅਧਿਆਪਕਾਂ ਨੂੰ ਕਾਲਜ ਵਿਚੋਂ ਰਲੀਵ ਕਰਕੇ ਨਵਾਂ ਅਧਿਆਪਕ ਨਿਯੁਕਤ ਕਰ ਲਿਆ ਜਾਂਦਾ ਹੈ। ਉਸ ਦਾ ਨਾਮ ਪੈਨਲ ਵਿਚ ਨਹੀਂ ਆਉਂਦਾ ਤਾਂ ਜਿਸ ਵਿਸ਼ੇ ਦੇ ਅਧਿਆਪਕ ਨੂੰ ਰਲੀਵ ਕਰਕੇ ਨਵਾਂ ਅਧਿਆਪਕ ਰੱਖਿਆ ਜਾਂਦਾ ਹੈ ਉਨ੍ਹਾਂ ਨੂੰ ਹੀ ਉਸ ਦਾ ਥਾਂ ਲੇਵਾ ਡਿਊਟੀ ਲਈ ਭੇਜਿਆ ਜਾਵੇ ਜੀ। ਹਰ ਇਕ ਅਧਿਆਪਕ ਦਾ ਤਜਰਬਾ,ਰਿਹਾਇਸ਼ੀ ਪਤਾ ਅਤੇ ਮੋਬਾਇਲ ਨੰਬਰ ਜਰੂਰ ਭਰਿਆ ਜਾਵੇ।**

ਧੰਨਵਾਦ

ਵਿਸ਼ਵਾਸਪਾਤਰ,

ਕੰਟਰੋਲਰ (ਪ੍ਰੀਖਿਆਵਾਂ)

ਪ੍ਰੋਫਾਰਮਾਂ ਕੰਪਿਊਟਰਾਈਜ਼ਡ ਤਿਆਰ ਕੀਤਾ ਜਾਵੇ ਜੀ।

ਕਾਲਜ ਦਾ ਨਾਮ ਮੋਹਰ ਸਮੇਤ.................................................................................. ਪ੍ਰਿੰਸੀਪਲ ਦਾ ਨਾਮ.......................................... ਮੋਬਾਇਲ ਨੰ:....................................

ਕਾਲਜ ਦਾ ਈ-ਮੇਲ ਐਡਰੈਸ.............................................................. ਕਾਲਜ ਵਿਚ ਕੁੱਲ ਅਧਿਆਪਕ .............. ਪ੍ਰਿੰਸੀਪਲ, ਅਧਿਆਪਕਾਂ ਦੇ ਨਾਮ ਪ੍ਰੋਫਾਰਮੇ ਅਨੁਸਾਰ ਦੋਵੇਂ ਸੈਸ਼ਨਾਂ ਲਈ ਭੇਜਣ।

| ਲੜੀ ਨੰ: | ਅਧਿਆਪਕ ਦਾ ਨਾਮ ਅਤੇ ਘਰ ਦਾ ਐਡਰੈਸ ਅਤੇ ਮੋਬਾਇਲ ਨੰ:ਵਿਸ਼ੇਸ਼ ਤੌਰ ਤੇ ਜਰੂਰ ਭਰਿਆ ਜਾਵੇ। | ਕੇਂਦਰ ਨਿਗਰਾਨ ਲਈ ਰੈਗੂਲਰ ਅਧਿਆਪਕ ਦਾ ਨਾਮ ਜਰੂਰ ਭਰਿਆ ਜਾਵੇ।(ਜਿੰਨੇ ਪ੍ਰੀ. ਕੇਂਦਰ ਨਿਗਰਾਨ ਆਪ ਜੀ ਦੇ ਕਾਲਜ ਵਿੱਚ ਆਉਣਗੇ ਉਤਨੇ ਹੀ ਕੇਂਦਰ ਨਿਗਰਾਨ ਆਪ ਵੱਲੋਂ ਭੇਜਣੇ ਹੋਣਗੇ) | ਰੈਗੂਲਰ/ ਐਡਹਾਕ/ ਕੰਟਰੈਕਟ/ ਗੈਸਟ-ਫੈਕਲਟੀ ਅਤੇ ਪੜਾਉਣ ਦਾ ਤਜਰਬਾ/ਵਿਸ਼ਾ | ਤਿੰਨ ਪ੍ਰੀਖਿਆ ਕੇਂਦਰਾਂ ਲਈ ਆਪਸ਼ਨ ਜਰੂਰ ਭਰੀ ਜਾਵੇ। (ਵੱਖ ਵੱਖ ਸਹਿਰਾਂ ਵਾਸਤੇ) (ਇਸ ਕਾਲਮ ਦੇ ਭਰਨ ਤੋਂ ਬਿਨ੍ਹਾਂ ਡਿਊਟੀ ਕਿਤੇ ਵੀ ਲਗਾਈ ਜਾ ਸਕਦੀ ਹੈ) | ਮਾਰਚ/ਮਈ 2021 | ਨਵੰਬਰ/ਦਸਬੰਰ 2021 | ਪਹਿਲਾਂ ਕਿਹੜੇ ਸ਼ੈਸ਼ਨ ਵਿਚ ਡਿਊਟੀ ਕੀਤੀ ਹੈ ਅਤੇ ਕਿਥੇ ? | ਅਧਿਆਪਕ ਦੇ ਦਸਖਤ ਜਰੂਰ ਕੀਤੇ ਜਾਣ |
|---|---|---|---|---|---|---|---|---|
| 1 | | | | 1 | | | | |
| | | | | 2 | | | | |
| | Mob. | | | 3 | | | | |
| 2 | | | | 1 | | | | |
| | | | | 2 | | | | |
| | Mob. | | | 3 | | | | |
| 3 | | | | 1 | | | | |
| | | | | 2 | | | | |
| | Mob. | | | 3 | | | | |
| 4 | | | | 1 | | | | |
| | | | | 2 | | | | |
| | Mob. | | | 3 | | | | |
| 5 | | | | 1 | | | | |
| | | | | 2 | | | | |
| | Mob. | | | 3 | | | | |

*ਨੋਟ: ਇਸ ਪਰਫਾਰਮੇ ਦਾ ਹਰ ਇੱਕ ਕਾਲਮ ਦਰਸਾਏ ਅਨੁਸਾਰ ਭਰਿਆ ਜਾਵੇ। ਅਧਿਆਪਕ ਵੱਲੋ ਭਰੇ ਗਏ ਅਧੂਰੇ ਫਾਰਮ ਨੂੰ ਦਫਤਰ ਵਲੋਂ ਲੋੜ ਅਨੁਸਾਰ ਸਟੇਸ਼ਨ ਅਲਾਟ ਕੀਤਾ ਜਾਵੇਗਾ ਜੀ।*

ਪ੍ਰਿੰਸੀਪਲ ਦੇ ਹਸਤਾਖਰ ਮੋਹਰ ਸਮੇਤ
ਤਸਦੀਕ ਕੀਤਾ ਜਾਵੇ।

ਕੰਟਰੋਲਰ(ਪ੍ਰੀਖਿਆਵਾਂ)